# ਪੰਜਾਬ ਸਕੂਲ ਸਿੱਖਿਆ ਬੋਰਡ

## ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਸ਼ਡਿਊਲ ਸੈਸ਼ਨ 2024-25

ਸੈਸ਼ਨ 2024-25 ਲਈ **ਅੱਠਵੀਂ ਸ਼੍ਰੇਣੀ** ਦੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਸਬੰਧੀ ਹਦਾਇਤਾਂ ਬੋਰਡ ਦੀ ਵੈੱਬ-ਸਾਈਟ ਅਤੇ ਸਕੂਲ ਲਾਗ-ਇੰਨ ਆਈ. ਡੀ. ਵਿੱਚ ਉਪਲੱਬਧ ਹਨ, ਉਹਨਾਂ ਨੂੰ ਪੜ੍ਹਨ ਉਪਰੰਤ ਹੀ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨੀ ਯਕੀਨੀ ਬਣਾਈ ਜਾਵੇ। ਅੱਠਵੀਂ (ਫਾਰਮ A-1 ਅਤੇ A-2) ਸ਼ੇਣੀ ਵਿੱਚ ਵਿਦਿਆਰਥੀਆਂ ਦੀ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਦੀਆਂ ਮਿਤੀਆਂ ਦਾ ਸ਼ਡਿਊਲ ਅਤੇ ਫੀਸਾਂ ਹੇਠ ਦਰਸਾਏ ਅਨੁਸਾਰ ਹਨ :-

### ਫਾਰਮ ਵਾਈਜ਼ ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਅਤੇ ਪ੍ਰੀਖਿਆ ਫੀਸ

| ਲੜੀ ਨੰ: | ਸ਼ੇਣੀ | ਫਾਰਮ | ਰਜਿਸਟ੍ਰੇਸ਼ਨ ਫੀਸ | ਪ੍ਰੀਖਿਆ ਫੀਸ |
|---|---|---|---|---|
| 1. | ਅੱਠਵੀਂ | A-1 | 250/- | 950/- |
| | | A-2 (Other State/Board) | 1000/- | 950/- |

### ਰਜਿਸਟ੍ਰੇਸ਼ਨ /ਕੰਟੀਨਿਊਸ਼ਨ ਅਤੇ ਪ੍ਰੀਖਿਆ ਫਾਰਮ ਦੀਆਂ ਮਿਤੀਆਂ ਦਾ ਸ਼ਡਿਊਲ :-

| ਅੱਠਵੀ ਸ਼੍ਰੇਣੀ | ਐਪਲੀਕੇਸ਼ਨ ਚਾਲੂ ਕਰਨ ਦੀ ਮਿਤੀ | ਆਫ-ਲਾਈਨ ਫੀਸ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | ਆਫ-ਲਾਈਨ ਫੀਸ ਚਲਾਨ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | ਆਨ-ਲਾਈਨ ਐਂਟਰੀ ਅਤੇ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ |
|---|---|---|---|---|
| ਬਿਨ੍ਹਾਂ ਲੇਟ ਫੀਸ | 14-08-2024 | 11-10-2024 | 16-10-2024 | 16-10-2024 |
| 500/-ਰੁ: ਪ੍ਰਤੀ ਵਿਦਿ: ਲੇਟ ਫੀਸ ਨਾਲ | 17-10-2024 | 06-11-2024 | 11-11-2024 | 11-11-2024 |
| 1500/-ਰੁ: ਪ੍ਰਤੀ ਵਿਦਿ: ਲੇਟ ਫੀਸ ਨਾਲ | 12-11-2024 | 22-11-2024 | 27-11-2024 | 27-11-2024 |

**ਨੋਟ :-**

(1) ਸਰਕਾਰੀ/ਏਡਿਡ ਸਕੂਲਾਂ ਦੇ ਵਿਦਿਆਰਥੀਆਂ ਦੀ ਆਨ-ਲਾਈਨ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਅਤੇ ਪ੍ਰੀਖਿਆ ਫੀਸ ਦੀ ਐਂਟਰੀ 0/- ਫੀਸ ਨਾਲ ਹੋਵੇਗੀ| ਜੇਕਰ ਸਰਕਾਰੀ / ਏਡਿਡ ਸਕੂਲਾਂ ਵੱਲੋਂ ਰਜਿਸਟ੍ਰੇਸ਼ਨ ਸ਼ਡਿਊਲ ਅਨੁਸਾਰ ਬਿਨ੍ਹਾਂ ਲੇਟ ਫੀਸ ਭਾਵ 0/- ਫੀਸ ਨਾਲ ਅੰਤਿਮ ਮਿਤੀ ਤੱਕ ਚਲਾਨ ਜਨਰੇਟ ਨਹੀ ਕੀਤਾ ਜਾਂਦਾ ਤਾਂ ਜਾਰੀ ਸ਼ਡਿਊਲ ਅਨੁਸਾਰ ਲੇਟ ਫੀਸ ਭਰਨੀ ਪਵੇਗੀ । ਜਨਰੇਟ ਕੀਤੇ ਚਲਾਨ ਅਤੇ ਫਾਈਨਲ ਪ੍ਰਿੰਟ ਦੀ ਕਾਪੀ ਸਕੂਲ ਰਿਕਾਰਡ ਵਿੱਚ ਲਾਜ਼ਮੀ ਰੱਖੀ ਜਾਵੇ । ਚਲਾਨ ਨਾ ਜਨਰੇਟ ਕਰਨ ਦੀ ਸੂਰਤ ਵਿੱਚ ਸਮੁੱਚੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੀ ਹੋਵੇਗੀ।

(2) ਜੋ ਚਲਾਨ ਜਨਰੇਟ ਕੀਤਾ ਜਾ ਚੁੱਕਾ ਹੋਵੇ, ਉਸ ਚਲਾਨ ਉਪਰ ਦਰਜ Challan Valid Date ਤੱਕ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਜੇਕਰ ਫੀਸ ਜਮ੍ਹਾਂ ਕਰਵਾਉਣ ਦੀਆਂ ਆਖਰੀ ਮਿਤੀਆਂ ਵਿੱਚ ਵਾਧਾ ਹੋ ਜਾਂਦਾ ਹੈ ਤਾਂ ਵੀ ਜਨਰੇਟ ਕੀਤੇ ਜਾ ਚੁੱਕੇ ਚਲਾਨਾਂ ਦੀ ਆਖਰੀ ਮਿਤੀ ਚਲਾਨ ਉੱਪਰ ਦਰਜ Challan Valid Date ਤੱਕ ਹੀ ਸੀਮਤ ਰਹੇਗੀ। ਉਹਨਾਂ ਸਕੂਲਾਂ ਨੂੰ Challan Valid Date ਵਿੱਚ ਕਿਸੇ ਕਿਸਮ ਦੀ ਕੋਈ ਛੋਟ ਨਹੀ ਦਿੱਤੀ ਜਾਵੇਗੀ। ਉਸ ਚਲਾਨ ਦੀ Challan Valid Date ਖਤਮ (End) ਹੋਣ ਤੋਂ ਬਾਅਦ ਨਵਾਂ ਚਲਾਨ ਰੀ-ਜਨਰੇਟ ਕਰਕੇ ਹੀ ਨਿਰਧਾਰਿਤ ਸ਼ਡਿਊਲ ਅਤੇ ਜੁਰਮਾਨੇ ਅਨੁਸਾਰ ਫੀਸ ਜਮ੍ਹਾਂ ਕਰਵਾਈ ਜਾ ਸਕਦੀ ਹੈ।

(3) ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਫੀਸਾਂ ਸਕੂਲਾਂ ਵੱਲੋਂ Online payment gateway ਜਾਂ ਆਫ-ਲਾਈਨ ਚਲਾਨ ਜਨਰੇਟ ਵਿਧੀ ਰਾਹੀਂ ਬੈਂਕਾਂ ਵਿੱਚ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਦੋਨਾਂ ਵਿਧੀਆਂ ਵਿੱਚੋਂ ਸਕੂਲਾਂ ਵੱਲੋਂ ਆਪਣੀ ਸੁਵਿਧਾ ਅਨੁਸਾਰ ਕਿਸੇ ਇੱਕ ਵਿਧੀ ਰਾਹੀਂ ਫੀਸਾਂ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ । ਸਕੂਲ ਟੂ ਸਕੂਲ ਮਾਈਗ੍ਰੇਸ਼ਨ ਫੀਸ ਸਕੂਲਾਂ ਵੱਲੋਂ ਕੇਵਲ Online payment gateway ਵਿਧੀ ਰਾਹੀਂ ਹੀ ਜਮ੍ਹਾਂ ਕਰਵਾਈ ਜਾ ਸਕਦੀ ਹੈ ।

(4) ਕਿਸੇ ਵੀ ਫਾਰਮ ਵਿੱਚ ਐਂਟਰੀ ਕਰਨ ਉਪਰੰਤ ਵਿਦਿਆਰਥੀਆਂ ਦੀ ਫਾਈਨਲ ਸਬਮਿਸ਼ਨ MULTIPLE LOTS ਵਿੱਚ ਕੀਤੀ ਜਾ ਸਕਦੀ ਹੈ (ਭਾਵ ਇੱਕ ਵਾਰ ਫਾਈਨਲ ਸਬਮਿਸ਼ਨ ਕਰਨ ਉਪਰੰਤ ਉਸ ਤੋਂ ਬਾਅਦ ਵੀ ਬਾਕੀ ਰਹਿੰਦੇ ਵਿਦਿਆਰਥੀਆਂ ਦੀ ਫਾਈਨਲ ਸਬਮਿਸ਼ਨ ਦੁਬਾਰਾ ਵੱਖ-ਵੱਖ LOTS ਰਾਹੀਂ ਸ਼ਡਿਊਲ ਵਿੱਚ ਨਿਰਧਾਰਿਤ ਆਖਰੀ ਮਿਤੀ ਤੱਕ ਕੀਤੀ ਜਾ ਸਕਦੀ ਹੈ)।

(5) ਫਾਈਨਲ ਸਬਮਿਸ਼ਨ ਕਰਨ ਉਪਰੰਤ ਜਨਰੇਟ ਕੀਤੇ ਚਲਾਨ ਅਤੇ ਫਾਈਨਲ ਪ੍ਰਿੰਟ ਦੀ ਕਾਪੀ ਸਕੂਲ ਰਿਕਾਰਡ ਵਿੱਚ ਲਾਜ਼ਮੀ ਰੱਖੀ ਜਾਵੇ। ਚਲਾਨ ਨਾ ਜਨਰੇਟ ਕਰਨ ਦੀ ਸੂਰਤ ਵਿੱਚ ਸਮੁੱਚੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੀ ਹੋਵੇਗੀ।

(6) ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਦੇ ਦਸਤਾਵੇਜ਼ ਸਮੇਤ ਫਾਈਨਲ ਪ੍ਰਿੰਟ ਦੀ ਕਾਪੀ ਜਿਲ੍ਹਾ ਖੇਤਰੀ ਦਫਤਰਾਂ ਵਿਖੇ ਮਿਤੀ 10-10-2024 ਤੱਕ ਜਮ੍ਹਾਂ ਕਰਵਾਏ ਜਾਣੇ ਲਾਜ਼ਮੀ ਹਨ। ਇਸ ਉਪਰੰਤ ਇਹ ਦਸਤਾਵੇਜ਼ ਕੇਵਲ ਮੁੱਖ ਦਫਤਰ ਵਿਖੇ ਹੀ ਪਹੁੰਚਦੇ ਕੀਤੇ ਜਾਣ।

(7) ਸਕੂਲਾਂ ਵੱਲੋਂ ਵਿਦਿਆਰਥੀਆਂ ਦੀ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦੀ ਫਾਈਨਲ ਸਬਮਿਸ਼ਨ ਕਰਨ ਉਪਰੰਤ ਜੇਕਰ ਕਿਸੇ ਵਿਦਿਆਰਥੀ ਨੇ ਆਪਣਾ ਸਕੂਲ ਛੱਡਕੇ ਦੂਸਰੇ ਸਕੂਲ ਵਿੱਚ ਦਾਖਲਾ ਲੈਣਾ ਹੈ ਤਾਂ ਉਸਨੂੰ ਬੋਰਡ ਵੱਲੋਂ ਨਿਰਧਾਰਿਤ ਸ਼ਡਿਊਲ ਅਨੁਸਾਰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਉਣੀ ਲਾਜ਼ਮੀ ਹੈ ।

**ਵਿਸ਼ੇਸ਼ ਨੋਟ :-**

ਇਸ ਸੈਸ਼ਨ 2024-25 ਲਈ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦਾ ਕਾਰਜ਼ ਮੁਕੰਮਲ ਕਰਨ ਲਈ ਉਚਿੱਤ ਸਮਾਂ ਦਿੱਤਾ ਜਾ ਰਿਹਾ ਹੈ । ਇਸ ਦੇ ਬਾਵਜੂਦ ਵੀ ਜੇਕਰ ਕਿਸੇ ਸੰਸਥਾ/ਸਕੂਲ ਨੂੰ ਅਜਿਹੀ ਅਣਗਹਿਲੀ ਲਈ ਜਿੰਮੇਵਾਰ ਪਾਇਆ ਜਾਂਦਾ ਹੈ ਤਾਂ ਨਿਰਧਾਰਿਤ ਸ਼ਡਿਊਲ ਤੋਂ ਬਾਅਦ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਦਾ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ ਅਤੇ ਬੋਰਡ ਨਾਲ ਸਬੰਧਤ ਐਫੀਲਿਏਟਿਡ/ਐਸੋਸੀਏਟਿਡ ਸੰਸਥਾਵਾ ਵਿਰੁੱਧ ਐਫੀਲਿਏਸ਼ਨ ਵਿਨਿਯਮਾਂ ਅਧੀਨ ਵਿਧੀ ਅਨੁਸਾਰ ਕਾਰਵਾਈ ਕੀਤੀ ਜਾਵੇਗੀ । ਇਸੇ ਤਰ੍ਹਾਂ ਸਰਕਾਰੀ/ਏਡਿਡ ਸਕੂਲਾਂ ਦੇ ਕੇਸ ਵਿੱਚ ਸਬੰਧਤ ਸਕੂਲਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ ਵਿਰੁੱਧ ਵਿਨਿਯਮਾਂ ਅਨੁਸਾਰ ਕਾਰਵਾਈ ਕਰਨ ਲਈ ਡਾਇਰੈਕਟਰ (ਐਲੀਮੈਂਟਰੀ/ ਸੈਕੰਡਰੀ), ਸਿੱਖਿਆ ਵਿਭਾਗ, ਪੰਜਾਬ ਸਰਕਾਰ ਨੂੰ ਲਿਖਿਆ ਜਾਵੇਗਾ।

Raj Kumar

**ਸੁਪਰਡੰਟ**

**ਰਜਿਸਟਰੇਸ਼ਨ ਸ਼ਾਖਾ**

## ਪੰਜਾਬ ਸਕੂਲ ਸਿੱਖਿਆ ਬੋਰਡ

**ਸੈਸ਼ਨ 2024-25 ਲਈ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਆਨ-ਲਾਈਨ ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਕਰਨ ਸਬੰਧੀ ਹਦਾਇਤਾਂ :-**

1. ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਸਬੰਧੀ ਹਦਾਇਤਾਂ/ਫੀਸਾਂ ਦਾ ਸ਼ਡਿਊਲ ਆਦਿ ਬੋਰਡ ਦੀ ਵੈਬਸਾਈਟ www.pseb.ac.in ਤੇ Registration Section ਅਧੀਨ ਅਤੇ ਸਕੂਲ ਲਾਗਇੰਨ ਆਈ.ਡੀ. ਵਿੱਚ ਉਪਲੱਬਧ ਹਨ।
2. ਬੋਰਡ ਵੱਲੋਂ ਸਮੇਂ-ਸਮੇਂ ਤੇ ਹਦਾਇਤਾਂ, ਪ੍ਰੈਸ ਨੋਟ ਅਤੇ ਹੋਰ ਮਹੱਤਵਪੂਰਣ ਜਾਣਕਾਰੀ ਅਪਡੇਟ ਕੀਤੀ ਜਾਂਦੀ ਹੈ, ਇਸ ਲਈ ਬੋਰਡ ਦੀ ਵੈੱਬ ਸਾਈਟ, ਸਕੂਲ ਲਾਗਇੰਨ ਆਈ.ਡੀ., ਸਕੂਲ ਦੀ ਰਜਿਸਟਰਡ ਈਮੇਲ ਆਈ.ਡੀ. ਅਤੇ ਇੰਨਬਾਕਸ ਨੂੰ ਰੋਜ਼ਾਨਾ ਚੈੱਕ ਕਰਨਾ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਬੋਰਡ ਵੱਲੋਂ ਕੁਝ ਮਹੱਤਵਪੂਰਣ ਜਾਣਕਾਰੀ ਸਕੂਲ ਦੇ ਰਜਿਸਟਰਡ ਮੋਬਾਇਲ ਨੰਬਰ ਤੇ SMS ਰਾਹੀਂ ਵੀ ਭੇਜੀ ਜਾਂਦੀ ਹੈ। ਇਸ ਨੂੰ ਪੜ੍ਹਨਾ ਅਤੇ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ। ਬੋਰਡ ਵੱਲੋਂ ਕਿਸੇ ਵੀ ਸਕੂਲ ਨੂੰ ਵੱਖਰੇ ਤੌਰ ਤੇ ਪੱਤਰ ਰਾਹੀਂ ਸੂਚਨਾ ਨਹੀਂ ਭੇਜੀ ਜਾਵੇਗੀ।
3. ਸਕੂਲ ਮੁੱਖੀ ਵੱਲੋਂ ਬੋਰਡ ਨਾਲ ਆਨ-ਲਾਈਨ ਈਮੇਲ ਰਾਹੀਂ ਜਾਂ ਕੋਈ ਵੀ ਪੱਤਰ ਵਿਹਾਰ ਕਰਨ ਸਮੇਂ ਲੈਟਰ ਪੈਡ ਤੇ ਵਿਸ਼ੇ ਸਬੰਧੀ ਡਿਟੇਲ, ਸਕੂਲ ਕੋਡ ਅਤੇ ਸ਼ਨਾਖਤੀ ਨੰਬਰ ਜ਼ਰੂਰ ਲਿਖਿਆ ਜਾਵੇ।

**ਅੱਠਵੀਂ ਸ਼੍ਰੇਣੀ ਲਈ ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਸਬੰਧੀ :-**

1. ਅਕਾਦਮਿਕ ਸ਼ਾਖਾ ਵੱਲੋਂ ਦਾਖਲੇ ਸਬੰਧੀ ਜਾਰੀ ਹਦਾਇਤਾਂ ਅਨੁਸਾਰ ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਜਿਹੜੇ ਵਿਦਿਆਰਥੀਆਂ ਨੇ ਅੱਠਵੀ ਸ਼੍ਰੇਣੀ ਵਿੱਚ ਦਾਖਲਾ ਲੈਣਾ ਹੈ, ਉਸ ਤੋਂ ਹੇਠਲੀ/ਸੱਤਵੀਂ ਸ਼੍ਰੇਣੀ ਦੀ ਸਿੱਖਿਆ ਪ੍ਰਾਪਤ ਕਰਨ ਦਾ ਅਸਲ ਨਤੀਜਾ ਕਾਰਡ ਅਤੇ ਅਸਲ ਟਰਾਂਸਫਰ ਸਰਟੀਫਿਕੇਟ ਦੋਵੇਂ ਦਸਤਾਵੇਜ਼ ਲੈ ਕੇ ਜਿਲ੍ਹਾ ਖੇਤਰੀ ਦਫਤਰਾਂ ਵਿਖੇ ਜਮ੍ਹਾਂ ਕਰਵਾਉਣੇ ਲਾਜ਼ਮੀ ਹਨ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਉਸਨੂੰ ਕਿਸੇ ਵੀ ਸਕੂਲ ਵੱਲੋਂ Held Back ਨਾ ਕੀਤਾ ਗਿਆ ਹੋਵੇ। **ਕੇਵਲ ਪੰਜਾਬ ਰਾਜ ਤੋਂ ਬਾਹਰ ਦੂਜੇ ਰਾਜਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਟਰਾਂਸਫਰ ਸਰਟੀਫਿਕੇਟ/ਸਕੂਲ ਲੀਵਿੰਗ ਸਰਟੀਫਿਕੇਟ ਸਬੰਧਤ ਰਾਜ / ਜਿਲੇ ਦੇ ਜ਼ਿਲਾ ਸਿੱਖਿਆ ਅਫਸਰ ਪਾਸੋਂ ਕਾਊਂਟਰ ਸਾਈਨ ਕਰਵਾਉਣੇ ਲਾਜ਼ਮੀ ਹਨ।**
2. ਸਕੂਲ ਮੁਖੀ ਆਪਣੇ ਪੱਧਰ ਤੇ ਦੂਜੇ ਰਾਜਾਂ/ਬੋਰਡਾਂ ਦੇ ਵਿਦਿਆਰਥੀਆਂ ਦੇ ਨਤੀਜਾ/ਰਿਪੋਰਟ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ/ਸਕੂਲ ਲੀਵਿੰਗ ਸਰਟੀਫਿਕੇਟ ਨੂੰ MHRD ਮੈਂਬਰਜ਼ ਬੋਰਡਾਂ ਦੀ ਸੂਚੀ ਜਾਂ ਬੋਰਡਾਂ ਦੀ ਵੈਬਸਾਈਟ ਘੋਖਕੇ ਵੈਰੀਫਾਈ ਕਰ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ਸਕੂਲ ਸਬੰਧਤ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀ। ਇਸ ਦੇ ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੈਬਸਾਈਟ ਤੇ ਜਾ ਕੇ ਅਤੇ ਸਬੰਧਤ ਸਕੂਲ ਤੋਂ ਵੈਰੀਫਾਈ ਕਰਕੇ ਸਬੰਧਤ ਵੇਰਵੇ ਆਪਣੇ ਰਿਕਾਰਡ ਵਿੱਚ ਦਰਜ ਕਰਨ ਉਪਰੰਤ ਹੀ ਆਨ-ਲਾਈਨ ਰਜਿਸਟ੍ਰੇਸ਼ਨ ਕਰਨ।

ਜਾਂ

ਅੱਠਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਲਈ ਵਿਦਿਆਰਥੀ ਦੀ ਉਮਰ ਘੱਟੋ ਘੱਟ 12 ਸਾਲ ਮਿਤੀ 31 ਮਾਰਚ, 2024 ਤੱਕ ਹੋਣੀ ਲਾਜ਼ਮੀ ਹੈ। ਵਿਦਿਆਰਥੀ ਤੋਂ ਉਸਦਾ ਅਸਲ ਜਨਮ ਸਰਟੀਫਿਕੇਟ ਜ਼ਰੂਰ ਲਿਆ ਜਾਵੇ। ਇਸ ਸਬੰਧੀ ਯੋਗਤਾ ਚੈੱਕ ਕਰਨ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੀ ਹੋਵੇਗੀ।

3. ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਅੱਠਵੀਂ (A2) ਫਾਰਮਾਂ ਸਬੰਧੀ ਲੋੜੀਂਦੇ ਅਸਲ ਦਸਤਾਵੇਜ਼ਾਂ ਨੂੰ ਸਕੈਨ ਕਰਨ ਉਪਰੰਤ PDF ਫਾਈਲ ਬਣਾਕੇ ਫਾਰਮ ਵਿੱਚ ਅਪਲੋਡ ਕਰਨਾ ਲਾਜ਼ਮੀ ਹੈ ਅਤੇ **ਇਸਦੇ ਨਾਲ ਹੀ ਅਸਲ ਟਰਾਂਸਫਰ/ਸਕੂਲ ਲੀਵਿੰਗ ਸਰਟੀਫਿਕੇਟ (ਕੇਵਲ ਪੰਜਾਬ ਰਾਜ ਤੋਂ ਬਾਹਰ ਦੂਜੇ ਰਾਜਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਟਰਾਂਸਫਰ ਸਰਟੀਫਿਕੇਟ/ਸਕੂਲ ਲੀਵਿੰਗ ਸਰਟੀਫਿਕੇਟ ਸਬੰਧਤ ਰਾਜ/ਜਿਲੇ ਦੇ ਜ਼ਿਲਾ ਸਿੱਖਿਆ ਅਫਸਰ ਪਾਸੋਂ ਕਾਊਂਟਰ ਸਾਈਨ ਕਰਵਾਉਣ ਉਪਰੰਤ)** ਅਤੇ ਨਤੀਜਾ/ਰਿਪੋਰਟ ਕਾਰਡ ਦੀ ਤਸਦੀਕਸ਼ੁਦਾ ਕਾਪੀ ਅਤੇ ਫਾਈਨਲ ਪ੍ਰਿੰਟ ਦੀ ਕਾਪੀ ਇੱਕ ਲਿਫਾਫੇ ਵਿੱਚ ਪਾ ਕੇ ਬੰਦ ਕਰਕੇ ਜਿਸ ਉੱਪਰ ਮੋਟੇ ਅੱਖਰਾਂ ਵਿੱਚ ਰਜਿਸਟ੍ਰੇਸ਼ਨ ਸ਼ਾਖਾ, ਸਕੂਲ ਦਾ ਨਾਂ, ਸਕੂਲ ਕੋਡ, ਸ਼ਨਾਖਤੀ ਨੰਬਰ ਅਤੇ ਜਿਲ੍ਹੇ ਦਾ ਨਾਂ ਜਰੂਰ ਲਿਖਿਆ ਜਾਵੇ, ਬੋਰਡ ਵੱਲੋਂ ਨਿਰਧਾਰਿਤ ਮਿਤੀ ਤੱਕ ਸਬੰਧਤ ਜਿਲ੍ਹਾ ਖੇਤਰੀ ਦਫਤਰ ਵਿੱਚ ਹਰ ਹਾਲਤ ਵਿੱਚ ਜਮ੍ਹਾਂ ਕਰਵਾਏ ਜਾਣ। ਵਿਦਿਆਰਥੀਆਂ ਦੇ ਦਸਤਾਵੇਜ਼ਾਂ ਦੀਆਂ ਕਾਪੀਆਂ ਸਕੂਲ ਰਿਕਾਰਡ ਹਿੱਤ ਲਾਜ਼ਮੀ ਰੱਖੀਆਂ ਜਾਣ ਕਿਉਂਕਿ ਬੋਰਡ ਵੱਲੋਂ ਲੋੜ ਪੈਣ ਤੇ ਕਿਸੇ ਵੀ ਸਮੇਂ ਦੁਬਾਰਾ ਰਿਕਾਰਡ ਦੀ ਮੰਗ ਕੀਤੀ ਜਾ ਸਕਦੀ ਹੈ।

**ਆਨਲਾਈਨ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਕਰਨ ਸਬੰਧੀ ਹਦਾਇਤਾਂ :-**

1. ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਲਈ ਭਰੇ ਜਾਣ ਵਾਲੇ ਫਾਰਮਾਂ ਸਬੰਧੀ ਸ਼੍ਰੇਣੀ ਵਾਈਜ਼ ਵਿਸਥਾਰ ਪੂਰਵਕ ਅੱਗੇ ਦੱਸਿਆ ਗਿਆ ਹੈ। ਇਹਨਾਂ ਆਨ-ਲਾਈਨ ਫਾਰਮਾਂ ਵਿੱਚ ਵੇਰਵੇ ਦਾਖਲਾ ਖਾਰਜ ਰਜਿਸਟਰ ਮੁਤਾਬਕ ਧਿਆਨ ਪੂਰਵਕ ਪੂਰੇ ਅਤੇ ਸਹੀ ਭਰੇ ਜਾਣ। ਇੱਥੇ ਇਹ ਵੀ ਧਿਆਨ ਰੱਖਿਆ ਜਾਵੇ ਕਿ ਆਨ-ਲਾਈਨ ਫਾਰਮ ਭਰਦੇ ਸਮੇਂ ਅੰਗਰੇਜ਼ੀ ਤੋਂ ਪੰਜਾਬੀ ਕੰਨਵਰਜ਼ਨ ਦੀ ਸੁਵਿਧਾ ਸਕੂਲ ਦੀ ਸਹਾਇਤਾ ਲਈ ਦਿੱਤੀ ਹੈ, ਜੇਕਰ ਕੰਨਵਰਜ਼ਨ ਨਹੀਂ ਹੁੰਦੀ ਤਾਂ ਨਾਲ ਲੱਗੇ Keyboard ਤੋਂ ਪੰਜਾਬੀ ਦੇ ਵੇਰਵੇ ਠੀਕ ਕਰਨਾ ਯਕੀਨੀ ਬਣਾਇਆ ਜਾਵੇ। ਪੰਜਾਬੀ ਵਿੱਚ ਵੇਰਵਿਆਂ ਦੀ ਗਲਤੀ ਦੀ ਜ਼ਿੰਮੇਵਾਰੀ ਵੀ ਸਕੂਲ ਦੀ ਹੋਵੇਗੀ। ਵੇਰਵੇ ਭਰਨ ਉਪਰੰਤ ਇਸਦਾ Rough Print ਲੈ ਕੇ ਇਸਨੂੰ 2-3 ਵਾਰ ਚੰਗੀ ਤਰ੍ਹਾਂ ਚੈੱਕ ਕਰ ਲਿਆ ਜਾਵੇ। ਜੇਕਰ ਕੋਈ ਸੋਧ ਲੋੜੀਂਦੀ ਹੈ, ਤਾਂ ਸੋਧ ਕਰਨ ਉਪਰੰਤ ਦੁਬਾਰਾ Rough Print ਲੈ ਕੇ ਚੈੱਕ ਕੀਤਾ ਜਾਵੇ। ਇਸ ਤੋਂ ਇਲਾਵਾ Student Verification Form ਵੀ ਪ੍ਰਿੰਟ ਕਰਕੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆ ਤੋਂ ਵੇਰਵੇ ਚੈੱਕ ਕਰਵਾ ਲਏ ਜਾਣ। ਵੇਰਵਿਆ ਸਬੰਧੀ ਪੂਰੀ ਤਸੱਲੀ ਕਰਨ ਉਪਰੰਤ ਹੀ ਫਾਈਨਲ ਸਬਮਿਸ਼ਨ ਕੀਤੀ ਜਾਵੇ| ਫਾਈਨਲ ਸਬਮਿਸ਼ਨ ਉਪਰੰਤ ਵੇਰਵੇ ਲਾਕ ਹੋ ਜਾਣਗੇ। ਜੇਕਰ ਇਸ ਉਪਰੰਤ ਵਿਦਿਆਰਥੀ ਦੇ ਵੇਰਵੇ ਭਰਨ ਸਮੇਂ ਸਕੂਲ ਵੱਲੋਂ ਕੋਈ ਗਲਤੀ ਹੁੰਦੀ ਹੈ, ਤਾਂ ਇਸ ਦੀ ਜ਼ਿੰਮੇਵਾਰੀ ਸਕੂਲ ਦੀ ਆਪਣੀ ਹੋਵੇਗੀ। ਫਾਈਨਲ ਪ੍ਰਿੰਟ ਦੀ ਕਾਪੀ ਵਿੱਚ ਹੱਥ ਨਾਲ ਕੀਤੀ ਸੋਧ ਸਵੀਕਾਰਨ ਯੋਗ ਨਹੀਂ ਹੋਵੇਗੀ।
2. ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਸਬੰਧੀ ਇਹ ਧਿਆਨ ਵਿੱਚ ਰਹੇ ਕਿ ਜਦੋਂ ਤੱਕ ਫਾਈਨਲ ਸਬਮਿਸ਼ਨ ਨਹੀਂ ਕੀਤੀ ਜਾਦੀ, ਉਦੋਂ ਤੱਕ ਆਨਲਾਈਨ ਕੀਤੀ ਐਂਟਰੀ ਡੰਮੀ/ਪੈਂਡਿੰਗ ਮੰਨੀ ਜਾਵੇਗੀ ਅਤੇ ਇਸਨੂੰ ਭਾਵ 0 ਲਾਟ ਵਾਲੀ ਐਂਟਰੀ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।
3. ਜੇਕਰ ਵਿਦਿਆਰਥੀ ਨੂੰ ਪਿਛਲੀ ਕਿਸੇ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਤਾਂ ਫਾਰਮ ਭਰਨ ਸਮੇਂ ਪਹਿਲਾਂ ਜਾਰੀ ਰਜਿਸਟ੍ਰੇਸ਼ਨ ਨੰਬਰ ਜਰੂਰ ਭਰਿਆ ਜਾਵੇ ।
4. ਜੇਕਰ ਕਿਸੇ ਵਿਦਿਆਰਥੀ ਦੀ ਅੱਠਵੀਂ ਸ਼੍ਰੇਣੀ ਵਿੱਚ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਹੋ ਚੁੱਕੀ ਹੈ ਅਤੇ ਸਕੂਲ ਵੱਲੋਂ ਫਾਈਨਲ ਸਬਮਿਸ਼ਨ ਵੀ ਕੀਤੀ ਜਾ ਚੁੱਕੀ ਹੈ ਅਤੇ ਵਿਦਿਆਰਥੀ ਸਕੂਲ ਬਦਲਣਾ ਚਾਹੁੰਦਾ

ਹੈ , ਤਾਂ ਉਸ ਵਿਦਿਆਰਥੀ ਦੀ ਬੋਰਡ ਵੱਲੋਂ ਨਿਰਧਾਰਿਤ ਸ਼ਡਿਊਲ ਅਨੁਸਾਰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਹੀ ਹੋਵੇਗੀ।

**ਅੱਠਵੀਂ ਸ਼੍ਰੇਣੀ ਲਈ :-**

**A1 ਫਾਰਮ ਸਬੰਧੀ :-**

1. ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਸੱਤਵੀਂ ਸ਼੍ਰੇਣੀ ਦੀ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਜਿਸਨੂੰ ਸਕੂਲ ਵੱਲੋਂ held back ਨਾ ਕੀਤਾ ਗਿਆ ਹੋਵੇ ਅਤੇ ਜਿਹੜੇ ਪਹਿਲਾਂ ਹੀ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਰਜਿਸਟਰਡ ਹਨ, ਅਜਿਹੇ ਵਿਦਿਆਰਥੀਆਂ ਲਈ ਏ-1(A-1) ਫਾਰਮ ਭਰਿਆ ਜਾਵੇ । ਵਿਦਿਆਰਥੀਆਂ ਨੂੰ E-Punjab ਤੋ ਵੀਂ Import ਕੀਤਾ ਜਾ ਸਕਦਾ ਹੈ।
2. ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਅੱਠਵੀਂ ਫੇਲ੍ਹ Not Promoted/Held back/ਗੈਰ-ਹਾਜ਼ਰ/ਰੱਦ (ਕੇਵਲ ਰੈਗੂਲਰ) ਵਿਦਿਆਰਥੀ ਜਿਹੜੇ ਪਹਿਲਾਂ ਕਿਸੇ ਵੀ ਸ਼੍ਰੇਣੀ ਅਧੀਨ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਰਜਿਸਟਰਡ ਹਨ ਜਾਂ ਨਹੀਂ ਅਤੇ ਅੱਠਵੀਂ ਸ਼੍ਰੇਣੀ ਵਿੱਚ ਦਾਖਲਾ ਲਿਆ ਹੈ, ਉਹਨਾਂ ਲਈ ਏ-1 (A-1) ਫਾਰਮ ਭਰਿਆ ਜਾਵੇ ।
3. ਜੇਕਰ ਵਿਦਿਆਰਥੀ ਨੂੰ ਪਿਛਲੀ ਕਿਸੇ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਤਾਂ ਫਾਰਮ ਭਰਨ ਸਮੇਂ ਪਹਿਲਾਂ ਜਾਰੀ ਰਜਿਸਟ੍ਰੇਸ਼ਨ ਨੰਬਰ ਜਰੂਰ ਭਰਿਆ ਜਾਵੇ ।

**A2 ਫਾਰਮ ਸਬੰਧੀ :-**

1. ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਪਿਛਲੇ ਤਿੰਨ ਸਾਲ ਤੋਂ ਪਹਿਲਾਂ ਸੱਤਵੀਂ ਸ਼੍ਰੇਣੀ ਦੀ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਜਿਸਨੂੰ ਸਕੂਲ ਵੱਲੋਂ held back ਨਾ ਕੀਤਾ ਗਿਆ ਹੋਵੇ ਜਾਂ ਅੱਠਵੀਂ ਫੇਲ੍ਹ/Not Promoted/Held back/ਗੈਰ-ਹਾਜਰ/ਰੱਦ ਕੇਵਲ ਰੈਗੂਲਰ ਵਿਦਿਆਰਥੀਆਂ ਜਿੰਨਾਂ ਨੂੰ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਜਾਂ ਨਹੀ, ਤਾਂ ਅਜਿਹੇ ਵਿਦਿਆਰਥੀਆਂ ਦੀ ਨਵੀਂ ਐਂਟਰੀ ਵੀ A2 ਫਾਰਮ ਵਿੱਚ ਕੀਤੀ ਜਾਵੇ ਅਤੇ ਆਨ-ਲਾਈਨ ਫਾਰਮ ਭਰਨ ਸਮੇਂ ਬੋਰਡ ਦੀ ਸੂਚੀ ਵਿੱਚੋਂ P.S.E.B. select ਕੀਤਾ ਜਾਵੇ ।
2. ਜਿਹੜੇ ਵਿਦਿਆਰਥੀ ਕਿਸੇ ਦੂਜੇ ਰਾਜ/ਬੋਰਡ (MHRD ਵੱਲੋਂ ਪ੍ਰਵਾਨਿਤ ਬੋਰਡਾਂ ਦੀ ਸੂਚੀ ਅਧੀਨ) ਤੋਂ ਸੱਤਵੀਂ ਸ਼੍ਰੇਣੀ ਦੀ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਜਿਸਨੂੰ ਸਕੂਲ ਵੱਲੋਂ held back ਨਾ ਕੀਤਾ ਗਿਆ ਹੋਵੇ ਜਾਂ ਅੱਠਵੀਂ ਫੇਲ/Not Promoted/Held back (ਕੇਵਲ ਰੈਗੂਲਰ) ਲਈ ਫਾਰਮ ਏ-2 (A-2) ਭਰਿਆ ਜਾਵੇ। ਆਨਲਾਈਨ ਫਾਰਮ ਭਰਨ ਸਮੇਂ ਸੱਤਵੀਂ ਸ਼੍ਰੇਣੀ ਤੱਕ ਦੀ ਸਿੱਖਿਆ ਕਿਸ ਬੋਰਡ ਤੋਂ ਪ੍ਰਾਪਤ ਕੀਤੀ ਹੈ ਜਾਂ ਅੱਠਵੀਂ ਫੇਲ੍ਹ/Not Promoted ਹੈ, ਦਾ ਨਾਂ ਲਾਜ਼ਮੀ ਸਲੈਕਟ ਕੀਤਾ ਜਾਵੇ। ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ, ਤਾਂ Other ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਜ਼ਰੂਰ ਲਿਖਿਆ ਜਾਵੇ।
3. ਜੇਕਰ ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀ ਨੂੰ ਪਿਛਲੀ ਕਿਸੇ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ, ਤਾਂ ਆਨ-ਲਾਈਨ ਐਂਟਰੀ ਵੇਲੇ ਰਜਿਸਟ੍ਰੇਸ਼ਨ ਨੰਬਰ ਲਾਜ਼ਮੀ ਭਰਿਆ ਜਾਵੇ ਅਤੇ ਪਿਛਲੇ ਤਿੰਨ ਸਾਲ ਤੋਂ ਪਹਿਲਾਂ ਵਾਲੇ ਵਿਦਿਆਰਥੀਆਂ ਦੇ, ਰਜਿਸਟ੍ਰੇਸ਼ਨ ਨੰਬਰ (ਜੇਕਰ ਜਾਰੀ ਹੋਇਆ ਹੈ ਤਾਂ) ਭਰਨ ਤੋਂ ਇਲਾਵਾ ਸਵੈ-ਘੋਸ਼ਣਾ ਪੱਤਰ ਜੋ ਕਿ ਪੰਨਾ ਨੰਬਰ 10 ਤੇ ਨੱਥੀ ਹੈ, ਵੀ ਸਬੂਤ ਵਜੋਂ ਬਾਕੀ ਦਸਤਾਵੇਜ਼ਾਂ ਨਾਲ ਹੀ ਖੇਤਰੀ ਦਫਤਰ ਵਿਖੇ ਹੀ ਜਮ੍ਹਾਂ ਕਰਵਾਏ ਜਾਣ।

**ਫਾਈਨਲ ਸਬਮਿਸ਼ਨ ਕਰਨ ਸਬੰਧੀ ਹਦਾਇਤਾਂ :-**

ਬੋਰਡ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਆਨਲਾਈਨ ਸਾਰੇ ਵੇਰਵੇ ਭਰਨ ਅਤੇ ਇਹਨਾਂ ਦਾ Rough Print ਚੈੱਕ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫਾਈਨਲ ਸਬਮਿਸ਼ਨ ਕੀਤੀ ਜਾਵੇ :-

1. ਕਿਸੇ ਵੀ ਫਾਰਮ ਵਿੱਚ ਐਂਟਰੀ ਕਰਨ ਉਪਰੰਤ ਵਿਦਿਆਰਥੀਆਂ ਦੀ ਫਾਈਨਲ ਸਬਮਿਸ਼ਨ MULTIPLE LOTS ਵਿੱਚ ਕੀਤੀ ਜਾ ਸਕਦੀ ਹੈ। ਭਾਵ ਇੱਕ ਵਾਰ ਫਾਈਨਲ ਸਬਮਿਸ਼ਨ ਕਰਨ ਉਪਰੰਤ ਉਸ ਤੋਂ ਬਾਅਦ ਵੀ ਬਾਕੀ ਰਹਿੰਦੇ ਵਿਦਿਆਰਥੀਆਂ ਦੀ ਫਾਈਨਲ ਸਬਮਿਸ਼ਨ ਦੁਬਾਰਾ ਵੱਖ-ਵੱਖ LOTS ਰਾਹੀਂ ਸ਼ਡਿਊਲ ਵਿੱਚ ਨਿਰਧਾਰਿਤ ਆਖਰੀ ਮਿਤੀ ਤੱਕ ਕੀਤੀ ਜਾ ਸਕਦੀ ਹੈ ।
2. ਆਨਲਾਈਨ ਫਾਰਮ ਵਿੱਚ ਵਿਦਿਆਰਥੀਆਂ ਦੇ ਸਹੀ ਵੇਰਵੇ ਭਰਨ ਅਤੇ ਰਫ ਪ੍ਰਿੰਟ ਚੈੱਕ ਕਰਨ ਉਪਰੰਤ **Calculate Fee** ਤੇ ਕਲਿੱਕ ਕੀਤਾ ਜਾਵੇ। ਕਲਿੱਕ ਕਰਨ ਉਪਰੰਤ ਐਂਟਰ ਕੀਤੇ ਵਿਦਿਆਰਥੀਆਂ ਦੀ ਫਾਰਮ - ਵਾਈਜ਼ ਗਿਣਤੀ ਅਤੇ ਫੀਸ ਦਿਖੇਗੀ। ਜੇਕਰ ਕਿਸੇ ਪ੍ਰੀਖਿਆਰਥੀ ਦੇ ਵੇਰਵੇ ਅਧੂਰੇ ਭਰੇ ਹਨ ਤਾਂ ਫੀਸ ਵਾਲਾ ਪੰਨਾ ਨਹੀਂ ਦਿਖੇਗਾ, ਬਲਕਿ ਉਹਨਾਂ ਪ੍ਰੀਖਿਆਰਥੀਆਂ ਦੀ ਸੂਚੀ ਦਿਖੇਗੀ। ਇਹਨਾਂ ਪ੍ਰੀਖਿਆਰਥੀਆਂ ਦੇ ਵੇਰਵੇ ਪੂਰਨ ਕਰਨ ਉਪਰੰਤ ਮੁੜ Calculate Fee ਤੇ ਕਲਿੱਕ ਕੀਤਾ ਜਾਵੇ। ਸਕਰੀਨ ਉੱਪਰ ਦਿੱਖ ਰਹੀ ਗਿਣਤੀ/ਫੀਸ ਜੇਕਰ ਠੀਕ ਹੈ, ਤਾਂ Final Submit ਬਟਨ ਤੇ ਕਲਿੱਕ ਕੀਤਾ ਜਾਵੇ। ਸਿਰਫ ਇਸ ਬਟਨ ਤੇ ਕਲਿੱਕ ਕਰਨ ਨਾਲ ਫਾਈਨਲ ਸਬਮਿਸ਼ਨ complete ਨਹੀਂ ਹੋਵੇਗੀ, Online Payment Gateway ਜਾਂ ਬੈਂਕ ਚਲਾਨ ਜਨਰੇਟ ਕਰਕੇ ਮਿੱਥੀ ਮਿਤੀ ਤੱਕ ਫੀਸ deposit ਕਰਨਾ ਲਾਜ਼ਮੀ ਹੋਵੇਗਾ। ਬੈਂਕ ਚਲਾਨ ਜਨਰੇਟ ਕਰਨ ਦੀ ਸੂਰਤ ਵਿੱਚ ਚਲਾਨ ਵਿੱਚ ਦਰਜ Valid date ਤੱਕ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ।
3. ਫਾਈਨਲ ਸਬਮਿਸ਼ਨ ਕਰਨ ਉਪਰੰਤ ਸਾਰੇ ਵੇਰਵੇ ਲਾਕ ਹੋ ਜਾਣਗੇ, ਇਸ ਲਈ ਇਸ ਤੋਂ ਪਹਿਲਾਂ ਵੇਰਵੇ ਚੈੱਕ ਕਰ ਲਏ ਜਾਣ ਅਤੇ ਗਲਤੀ ਹੋਣ ਦੀ ਸੂਰਤ ਵਿੱਚ ਦਰੁੱਸਤੀ ਕਰਕੇ ਫਿਰ ਫਾਈਨਲ ਸਬਮਿਸ਼ਨ ਕੀਤੀ ਜਾਵੇ। ਫਾਈਨਲ ਸਬਮਿਸ਼ਨ ਤੇ ਕਲਿੱਕ ਕਰਨ ਤੋਂ ਬਾਅਦ ਕੋਈ ਸੋਧ ਨਹੀਂ ਕੀਤੀ ਜਾ ਸਕੇਗੀ। ਇਸ ਉਪਰੰਤ ਬੋਰਡ ਵੱਲੋਂ ਵੇਰਵਿਆਂ ਦੀਆਂ ਸੋਧਾਂ ਲਈ ਨਿਰਧਾਰਤ ਸ਼ਡਿਊਲ ਅਨੁਸਾਰ ਹੀ ਸੋਧਾਂ ਕੀਤੀਆਂ ਜਾਣਗੀਆਂ।
4. **ਸਰਕਾਰੀ/ਏਡਿਡ ਸਕੂਲਾਂ ਦਾ 0/- ਫੀਸ ਦਾ ਚਲਾਨ ਜਨਰੇਟ ਕਰਕੇ ਫਾਈਨਲ ਪ੍ਰਿੰਟ ਲੈਣਾ ਯਕੀਨੀ ਬਣਾਇਆ ਜਾਵੇ। ਜੇਕਰ ਸਰਕਾਰੀ/ਏਡਿਡ ਸਕੂਲਾਂ ਵੱਲੋਂ ਰਜਿਸਟ੍ਰੇਸ਼ਨ ਸ਼ਡਿਊਲ ਅਨੁਸਾਰ ਬਿਨ੍ਹਾਂ ਲੇਟ ਫੀਸ ( ਭਾਵ 0/- ਫੀਸ ) ਨਾਲ ਅੰਤਿਮ ਮਿਤੀ ਤੱਕ ਚਲਾਨ ਜਨਰੇਟ ਨਹੀ ਕੀਤਾ ਜਾਂਦਾ ਤਾਂ ਜਾਰੀ ਸ਼ਡਿਊਲ ਅਨੁਸਾਰ ਲੇਟ ਫੀਸ ਭਰਨੀ ਪਵੇਗੀ । ਜਨਰੇਟ ਕੀਤੇ ਚਲਾਨ ਅਤੇ ਫਾਈਨਲ ਪ੍ਰਿੰਟ ਦੀ ਕਾਪੀ ਸਕੂਲ ਰਿਕਾਰਡ ਵਿੱਚ ਲਾਜ਼ਮੀ ਰੱਖੀ ਜਾਵੇ। ਚਲਾਨ ਨਾ ਜਨਰੇਟ ਕਰਨ ਦੀ ਸੂਰਤ ਵਿੱਚ ਸਮੁੱਚੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੀ ਹੋਵੇਗੀ।**

**ਨੋਟ :-**

1. ਅੱਠਵੀਂ ਸ਼੍ਰੇਣੀ (A1 and A2) ਦੇ ਸਕੂਲ ਵੱਲੋਂ ਆਨ-ਲਾਈਨ ਭਰੇ ਡਾਟਾ ਤੋਂ ਹੀ ਪ੍ਰੀ-ਪ੍ਰਿੰਟਡ ਪ੍ਰੀਖਿਆ ਫਾਰਮ ਭੇਜੇ ਜਾਣਗੇ। ਇਸ ਲਈ ਆਨ-ਲਾਈਨ ਐਂਟਰੀ ਧਿਆਨ ਨਾਲ ਕੀਤੀ ਜਾਵੇ।
2. ਜੇਕਰ ਕਿਸੇ ਸਕੂਲ ਨੇ ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ/ Error ਚੈੱਕ ਕਰਨੇ ਹਨ, ਤਾਂ ਉਹ Registration Portal ਦੇ ਅੰਦਰ ਦਿੱਤੇ ਆਖਰੀ ਲਿੰਕ "Other Board Regno " ਤੇ ਕਲਿੱਕ ਕਰਕੇ ਰਜਿਸਟ੍ਰੇਸ਼ਨ ਨੰਬਰ/ Error/ Error List ਚੈੱਕ ਕਰ ਸਕਦੇ ਹਨ।

Error list ਵਿੱਚ ਦਰਸਾਏ ਵਿਦਿਆਰਥੀਆਂ ਦੇ ਦਸਤਾਵੇਜ਼ ਜਮ੍ਹਾਂ ਕਰਵਾਉਣ ਉਪਰੰਤ ਹੀ error ਹਟਾਏ ਜਾਣਗੇ।

3. ਜੇਕਰ ਸਬੰਧਤ ਫਾਰਮ ਵਿੱਚ ਆਨ-ਲਾਈਨ ਐਂਟਰੀ ਕਰਦੇ ਸਮੇਂ ਕਿਸੇ ਵਿਦਿਆਰਥੀ ਦੇ ਵੇਰਵੇ Already Exist ਆ ਰਹੇ ਹਨ ਤਾਂ ਪਹਿਲੇ ਲਿੰਕ " Check RegNo" ਅਧੀਨ ਜਾ ਕੇ ਰਜਿ: ਨੰ:, ਆਧਾਰ ਨੰ: ਆਦਿ ਪਾ ਕੇ ਚੈਕ ਕੀਤਾ ਜਾ ਸਕਦਾ ਹੈ ਕਿ ਮੌਜੂਦਾ ਸੈਸ਼ਨ ਵਿੱਚ ਵਿਦਿਆਰਥੀ ਦੇ ਵੇਰਵੇ ਕਿਸ ਸਕੂਲ ਵਿੱਚ ਰਜਿਸਟਰਡ ਹਨ।

4. ਦੂਜੇ ਰਾਜ/ਬੋਰਡ ਤੋਂ ਆਉਣ ਵਾਲੇ ਵਿਦਿਆਰਥੀ ਜਿਨ੍ਹਾਂ ਦੀ ਐਂਟਰੀ ਆਨਲਾਈਨ ਕੀਤੀ ਗਈ ਹੈ, ਪ੍ਰੰਤੂ ਫਾਈਨਲ ਪ੍ਰੀਖਿਆ ਦੇਣ ਤੋਂ ਪਹਿਲਾਂ ਸਕੂਲ ਛੱਡ ਜਾਂਦੇ ਹਨ ਜਾਂ ਲੰਬੀ ਗੈਰ-ਹਾਜ਼ਰੀ ਕਾਰਨ ਨਾਂ ਕੱਟਿਆ ਜਾਂਦਾ ਹੈ, ਉਹਨਾਂ ਬਾਰੇ ਲਿਖਤੀ ਤੌਰ ਤੇ ਹੀ ਰਜਿਸਟ੍ਰੇਸ਼ਨ ਸ਼ਾਖਾ ਨੂੰ ਸੂਚਿਤ ਕੀਤਾ ਜਾਵੇ।

**ਵਿਸ਼ੇਸ਼ ਨੋਟ :-**

1. ਇਸ ਸੈਸ਼ਨ 2024-25 ਲਈ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦਾ ਕਾਰਜ਼ ਮੁਕੰਮਲ ਕਰਨ ਲਈ ਉਚਿੱਤ ਸਮਾਂ ਦਿੱਤਾ ਜਾ ਰਿਹਾ ਹੈ । ਇਸ ਦੇ ਬਾਵਜੂਦ ਵੀ ਜੇਕਰ ਕਿਸੇ ਸੰਸਥਾ/ਸਕੂਲ ਨੂੰ ਅਜਿਹੀ ਅਣਗਹਿਲੀ ਲਈ ਜਿੰਮੇਵਾਰ ਪਾਇਆ ਜਾਂਦਾ ਹੈ ਤਾਂ ਬੋਰਡ ਨਾਲ ਸਬੰਧਤ ਐਫੀਲਿਏਟਿਡ/ਐਸੋਸੀਏਟਿਡ ਸੰਸਥਾਵਾ ਵਿਰੁੱਧ ਐਫੀਲਿਏਸ਼ਨ ਵਿਨਿਯਮਾਂ ਅਧੀਨ ਵਿਧੀ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸੇ ਤਰ੍ਹਾਂ ਸਰਕਾਰੀ/ਏਡਿਡ ਸਕੂਲਾਂ ਦੇ ਕੇਸ ਵਿੱਚ ਸਬੰਧਤ ਸਕੂਲਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ ਵਿਰੁੱਧ ਵਿਨਿਯਮਾਂ ਅਨੁਸਾਰ ਕਾਰਵਾਈ ਕਰਨ ਲਈ ਡਾਇਰੈਕਟਰ (ਐਲੀਮੈਂਟਰੀ/ਸੈਕੰਡਰੀ), ਸਿੱਖਿਆ ਵਿਭਾਗ, ਪੰਜਾਬ ਸਰਕਾਰ ਨੂੰ ਲਿਖਿਆ ਜਾਵੇਗਾ ਅਤੇ ਅਤੇ ਨਿਰਧਾਰਿਤ ਸ਼ਡਿਊਲ ਤੋਂ ਬਾਅਦ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਕਰਨ ਦਾ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ ।

2. ਉਕਤ ਦਰਜ ਸਾਰੀਆਂ ਹਦਾਇਤਾਂ ਅਤੇ ਨਿਰਧਾਰਿਤ ਸ਼ਡਿਊਲ ਅਨੁਸਾਰ ਹੀ ਸਕੂਲ ਮੁਖੀ ਬਿਨ੍ਹਾਂ ਲੇਟ ਫੀਸ ਦਿੱਤੇ ਗਏ ਸਮੇਂ ਦੌਰਾਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦਾ ਕੰਮ ਮੁਕੰਮਲ ਕਰਵਾਉਣ , ਬਿਨ੍ਹਾਂ ਲੇਟ ਫੀਸ ਸਮਾਂ ਲੰਘਣ ਉਪਰੰਤ ਜੇਕਰ ਕਿਸੇ ਸਕੂਲ ਮੁਖੀ ਵੱਲੋਂ ਜੁਰਮਾਨਾ ਮੁਆਫੀ ਲਈ ਪ੍ਰਤੀ-ਬੇਨਤੀ ਕੀਤੀ ਜਾਂਦੀ ਹੈ ਤਾਂ ਉਹ ਕਿਸੇ ਵੀ ਹਾਲਾਤ/ਕਾਰਨ ਦੇ ਜੁਰਮਾਨਾ ਮੁਆਫੀ ਲਈ ਸਵੀਕਾਰਨ ਯੋਗ ਨਹੀ ਹੋਵੇਗੀ।

**ਸਕੂਲ ਤੋਂ ਸਕੂਲ ਮਾਈਗ੍ਰੇਸ਼ਨ :-**

1. ਸਕੂਲਾਂ ਵੱਲੋਂ ਵਿਦਿਆਰਥੀਆਂ ਦੀ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦੀ ਫਾਈਨਲ ਸਬਮਿਸ਼ਨ ਕਰਨ ਉਪਰੰਤ ਜੇਕਰ ਕਿਸੇ ਵਿਦਿਆਰਥੀ ਨੇ ਆਪਣਾ ਸਕੂਲ ਛੱਡਕੇ ਦੂਸਰੇ ਸਕੂਲ ਵਿੱਚ ਦਾਖਲਾ ਲੈਣਾ ਹੈ ਤਾਂ ਉਸਨੂੰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਉਣੀ ਲਾਜ਼ਮੀ ਹੈ। ਭਾਵ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਇੱਕ ਸਕੂਲ ਤੋਂ ਦੂਸਰੇ ਸਕੂਲ ਵਿੱਚ ਦਾਖਲ ਹੋਣਾ ਹੈ, ਤਾਂ ਉਹ ਨਵੇਂ ਸਕੂਲ ਨੂੰ ਬੇਨਤੀ-ਪੱਤਰ ਦੇਵੇਗਾ।

2. ਨਵਾਂ ਸਕੂਲ ਜੇਕਰ ਵਿਦਿਆਰਥੀ ਦੀ ਬੇਨਤੀ ਸਵੀਕਾਰ ਕਰ ਲਵੇਗਾ ਤਾਂ ਨਵਾਂ ਸਕੂਲ ਆਨ-ਲਾਈਨ request generate ਕਰਕੇ ਪੁਰਾਣੇ ਸਕੂਲ ਤੋਂ ਇਸ ਸਬੰਧੀ ਸਹਿਮਤੀ ਲਵੇਗਾ।

3. ਪੁਰਾਣੇ ਸਕੂਲ ਵੱਲੋਂ ਆਨ-ਲਾਈਨ request accept ਕਰਨ ਉਪਰੰਤ ਨਵੇਂ ਸਕੂਲ ਵੱਲੋਂ ਬੋਰਡ ਵੱਲੋਂ ਨਿਰਧਾਰਿਤ ਸ਼ਡਿਊਲ ਅਨੁਸਾਰ ਆਨ-ਲਾਈਨ ਫੀਸ ਜਮ੍ਹਾਂ ਕਰਵਾ ਕੇ ਵਿਦਿਆਰਥੀ ਨੂੰ ਆਪਣੇ ਸਕੂਲ ਵਿੱਚ ਮਾਈਗ੍ਰੇਟ ਕੀਤਾ ਜਾ ਸਕਦਾ ਹੈ ।

4. ਜੇਕਰ ਕੋਈ ਸਕੂਲ ਮੁਖੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨ੍ਹਾਂ ਕਿਸੇ ਵਿਦਿਆਰਥੀ ਨੂੰ ਦਾਖਲਾ ਦਿੰਦਾ ਹੈ ਤਾਂ ਵੀ ਉਸ ਵਿਦਿਆਰਥੀ ਦੀ ਆਨ-ਲਾਈਨ ਐਂਟਰੀ ਪਿਛਲੇ ਸਕੂਲ ਵਿੱਚ ਹੀ ਸ਼ੋਅ ਹੋਵੇਗੀ। ਇਸ ਲਈ ਸਕੂਲ ਮੁਖੀ ਸਕੂਲਾਂ ਵੱਲੋਂ ਵਿਦਿਆਰਥੀਆਂ ਦੀ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦੀ ਫਾਈਨਲ ਸਬਮਿਸ਼ਨ ਕਰਨ ਉਪਰੰਤ ਕਿਸੇ ਵੀ ਵਿਦਿਆਰਥੀ ਨੂੰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨ੍ਹਾਂ ਦਾਖਲਾ ਨਾ ਦੇਣ ਅਤੇ ਜੇਕਰ ਕੋਈ ਸਕੂਲ ਮੁਖੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨ੍ਹਾਂ ਵਿਦਿਆਰਥੀ ਨੂੰ ਦਾਖਲ ਕਰਦਾ ਹੈ ਤਾਂ ਅਣਗਹਿਲੀ ਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੀ ਹੋਵੇਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਨਿਯਮਾਂ ਅਨੁਸਾਰ ਸਕੂਲ ਮੁਖੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

**ਇੰਟਰ ਬੋਰਡ ਮਾਈਗ੍ਰੇਸ਼ਨ :-**

1. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡ ਤੋਂ ਪੜ੍ਹਦੇ ਆ ਰਹੇ ਵਿਦਿਆਰਥੀ ਜੇਕਰ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ ਤਾਂ ਦੂਜੇ ਰਾਜ/ਬੋਰਡ ਦੇ ਸਕੂਲ ਤੋਂ ਟੀ.ਸੀ. ਕਟਵਾਉਣ ਦੇ 15 ਦਿਨਾਂ ਦੇ ਵਿੱਚ-ਵਿੱਚ ਜਿਸ ਸਕੂਲ ਵਿੱਚ ਦਾਖਲਾ ਲੈਣਾ ਹੈ, ਨੂੰ ਇੰਟਰ ਬੋਰਡ ਮਾਈਗ੍ਰੇਸ਼ਨ ਕਰਵਾਉਣ ਸਬੰਧੀ ਬੇਨਤੀ-ਪੱਤਰ ਦੇਵੇਗਾ। ਜੇਕਰ ਸਕੂਲ ਮੁਖੀ ਬੇਨਤੀ ਸਵੀਕਾਰ ਕਰਦਾ ਹੈ ਤਾਂ ਵਿਦਿਆਰਥੀ ਕੋਲੋਂ ਸ਼੍ਰੇਣੀ ਵਾਈਜ਼ ਦੂਜੇ ਰਾਜ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਤੋਂ ਲਏ ਜਾਣ ਵਾਲੇ ਦਸਤਾਵੇਜ਼ ਲੈ ਕੇ ਇੰਟਰ-ਬੋਰਡ ਮਾਈਗ੍ਰੇਸ਼ਨ ਕਰਨ ਲਈ ਸਕੂਲ ਦਾ ਲੈਟਰ ਹੈਡ ਅਤੇ ਵਿਦਿਆਰਥੀ ਦੇ ਦਸਤਾਵੇਜ਼ ਸਕੈਨ ਕਰਕੇ ਚੇਅਰਮੈਨ ਜੀ ਤੋਂ ਆਗਿਆ ਲੈਣ ਲਈ ਆਨ-ਲਾਈਨ Request ਰਜਿਸਟ੍ਰੇਸ਼ਨ ਸ਼ਾਖਾ ਨੂੰ ਭੇਜਣੀ ਹੋਵੇਗੀ। ਪਰ ਇਹ Process ਸ਼ਡਿਊਲ ਅਨੁਸਾਰ ਨਿਰਧਾਰਿਤ ਮਿਤੀ ਤੱਕ ਪੂਰਾ ਕਰਨਾ ਲਾਜ਼ਮੀ ਹੈ । ਅੰਤਿਮ ਮਿਤੀ ਤੋਂ ਬਾਅਦ ਕੋਈ ਵੀ ਕੇਸ ਵਿਚਾਰਿਆ ਨਹੀ ਜਾਵੇਗਾ।
2. ਰਜਿਸਟ੍ਰੇਸ਼ਨ ਸ਼ਾਖਾ ਦੇ ਇੰਟਰ ਬੋਰਡ ਮਾਈਗ੍ਰੇਸ਼ਨ ਪੋਰਟਲ ਤੇ ਆਨ-ਲਾਈਨ Request ਪਹੁੰਚਣ ਉਪਰੰਤ ਚੇਅਰਮੈਨ ਜੀ ਵੱਲੋਂ ਆਦੇਸ਼ ਲੈ ਕੇ request ਨੂੰ accept ਜਾਂ reject ਕੀਤਾ ਜਾਵੇਗਾ। ਜੇਕਰ ਆਨ-ਲਾਈਨ request ਨੂੰ accept ਕਰਨ ਦੇ ਆਦੇਸ਼ ਹੁੰਦੇ ਹਨ ਤਾਂ ਸਕੂਲ ਵੱਲੋਂ ਆਪਣੇ ਪੱਧਰ ਤੇ ਸਬੰਧਤ ਫਾਰਮ ਵਿੱਚ ਐਂਟਰੀ ਕਰਕੇ ਆਨ-ਲਾਈਨ request ਨਾਲ ਅਪਲੋਡ ਕੀਤੇ ਦਸਤਾਵੇਜ਼ਾਂ ਦੇ ਅਸਲ ਡਾਕੂਮੈਂਟ ਮੁੱਖ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਰਜਿਸਟ੍ਰੇਸ਼ਨ ਸ਼ਾਖਾ, ਮੋਹਾਲੀ ਵਿਖੇ ਜਮ੍ਹਾਂ ਕਰਵਾਕੇ, ਚਾਲਾਨ ਜਨਰੇਟ ਕਰਵਾਉਣ ਉਪਰੰਤ ਸ਼ਡਿਊਲ ਵਿੱਚ ਨਿਰਧਾਰਿਤ ਮਿਤੀ ਅਤੇ ਫੀਸ ਅਨੁਸਾਰ ਇੰਟਰ ਬੋਰਡ ਮਾਈਗ੍ਰੇਸ਼ਨ ਕਰਵਾਈ ਜਾ ਸਕਦੀ ਹੈ ।
3. **ਕੇਵਲ ਪੰਜਾਬ ਰਾਜ ਤੋਂ ਬਾਹਰ ਦੂਜੇ ਰਾਜਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਟਰਾਂਸਫਰ ਸਰਟੀਫਿਕੇਟ / ਸਕੂਲ ਲੀਵਿੰਗ ਸਰਟੀਫਿਕੇਟ ਸਬੰਧਤ ਰਾਜ/ਜਿਲ੍ਹੇ ਦੇ ਜ਼ਿਲਾ ਸਿੱਖਿਆ ਅਫਸਰ ਪਾਸੋਂ ਕਾਊਂਟਰ ਸਾਈਨ ਕਰਵਾਉਣੇ ਲਾਜ਼ਮੀ ਹਨ।**

Raj Kumar

**ਸੁਪਰਡੰਟ**

**ਰਜਿਸਟਰੇਸ਼ਨ ਸ਼ਾਖਾ**

## ਸਕੂਲ ਦੇ ਲੈਟਰ- ਹੈੱਡ ਤੇ

## ਸਵੈ-ਘੋਸ਼ਣਾ ਪੱਤਰ

1. ਕਿ ਮੈਂ (ਨਾਮ) ........................................... ਸਕੂਲ ਦਾ ਮੁੱਖੀ/ ਪ੍ਰਿੰਸੀਪਲ/ ਮੁੱਖ ਅਧਿਆਪਕ ਹਾਂ।
2. ਕਿ ਇਹ ਵਿਦਿਆਰਥੀ (ਪਿਛਲੇ ਤਿੰਨ ਸਾਲਾਂ ਤੋਂ ਪਹਿਲਾਂ ਹੇਠਲੀ ਸ਼੍ਰੇਣੀ ਪਾਸ/ਫੇਲ) ਸੈਸ਼ਨ 2024-25 ਲਈ ਸਕੂਲ ਵਿੱਚ ਸਮੇਂ-ਸਿਰ ਦਾਖਲ/ ਰਜਿਸਟਰਡ ਕੀਤੇ ਗਏ ਹਨ।
3. ਕਿ ਹੇਠ ਲਿਖੇ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਰੋਜ਼ਾਨਾ ਸਕੂਲ ਆਉਂਦੇ ਹਨ ਅਤੇ ਇਨ੍ਹਾਂ ਦੀਆਂ 75% ਹਾਜ਼ਰੀਆਂ ਪੂਰੀਆਂ ਹਨ।
4. ਕਿ ਇਹਨਾਂ ਵਿਦਿਆਰਥੀਆਂ ਦੇ ਹੇਠਲੀ ਸ਼੍ਰੇਣੀ ਪਾਸ/ਫੇਲ ਦੇ ਦਸਤਾਵੇਜ਼ ਘੋਖਣ ਉਪਰੰਤ ਦਾਖਲ ਕੀਤੇ ਗਏ ਹਨ ਅਤੇ ਇਹ ਦਸਤਾਵੇਜ਼ ਬਿਲਕੁੱਲ ਦਰੁੱਸਤ ਹਨ।
5. ਕਿ ਇਹਨਾਂ ਵਿਦਿਆਰਥੀਆਂ ਦੀ ਹੇਠਲੀ ਸ਼੍ਰੇਣੀ ਪਾਸ ਸਕੂਲ ਇਸ ਸਮੇਂ ਵੀ ਚੱਲ ਰਿਹਾ ਹੈ, ਇਹ ਸਕੂਲ ਅਤੇ ਉਹਨਾਂ ਵੱਲੋਂ ਜਾਰੀ ਦਸਤਾਵੇਜ਼ ਬਿਲਕੁੱਲ ਦਰੁੱਸਤ ਪਾਏ ਗਏ ਹਨ।
6. ਕਿ ਇਹਨਾਂ ਵਿਦਿਆਰਥੀਆਂ ਨੇ ਇਸ ਸ਼੍ਰੇਣੀ ਤੋਂ ਇਲਾਵਾ ਕੋਈ ਹੋਰ ਉੱਚ- ਵਿੱਦਿਆ ਪ੍ਰਾਪਤ ਨਹੀਂ ਕੀਤੀ ਹੈ।
7. ਕਿ ਇਹਨਾਂ ਵਿਦਿਆਰਥੀਆਂ ਤੋਂ ਪ੍ਰਾਪਤ ਦਸਤਾਵੇਜ਼ਾਂ (ਨਤੀਜਾ ਕਾਰਡ ਅਤੇ ਸਕੂਲ ਛੱਡਣ ਦਾ ਸਰਟੀਫਿਕੇਟ) ਦੀ ਪੜਤਾਲ/ਵੈਰੀਫਿਕੇਸ਼ਨ ਕਰ ਲਈ ਗਈ ਹੈ। ਜੇਕਰ ਇਹਨਾਂ ਦਸਤਾਵੇਜ਼ਾਂ ਸਬੰਧੀ ਕੋਈ ਗਲਤੀ/ਤਰੁੱਟੀ ਹੋਵੇਗੀ ਤਾਂ ਉਸਦਾ ਜ਼ਿੰਮੇਵਾਰ ਖੁਦ ਮੈਂ ਹੋਵਾਂਗਾ।
8. ਇਹਨਾਂ ਵਿਦਿਆਰਥੀਆਂ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸ਼੍ਰੇਣੀ | ਵਿਦਿਆਰਥੀ/ ਪਿਤਾ ਦਾ ਨਾਂ | ਹੇਠਲੀ ਸ਼੍ਰੇਣੀ ਪਾਸ/ ਫੇਲ ਸਕੂਲ ਦਾ ਨਾਂ |
|---|---|---|---|
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |

**ਸਕੂਲ-ਮੁਖੀ ਦਾ ਨਾਂ / ਹਸਤਾਖਰ**

**ਸਮੇਤ (ਮੋਹਰ)**